ਜਿਹਨਾਂ ਤੇ ਪੰਥ ਨੂੰ ਮਾਣ ਹੈ:

# ਸ਼ਹੀਦ ਜਥੇਦਾਰ ਤਲਵਿੰਦਰ ਸਿੰਘ ਬੱਬਰ



ਸ਼ਹੀਦ ਭਾਈ ਤਲਵਿੰਦਰ ਸਿੰਘ, ਬਾਨੀ ਬੱਬਰ ਖ਼ਾਲਸਾ ਇੰਟਰਨੈਸ਼ਨਲ

ਡਾ: ਹਰਜਿੰਦਰ ਸਿੰਘ ਦਿਲਗੀਰ

ਕਿਸੇ ਜਰਨੈਲ ਬਾਰੇ ਕੁਝ ਲਿਖਣਾ ਸੌਖਾ ਨਹੀਂ ਹੁੰਦਾ। ਖ਼ਾਸ ਕਰ ਕੇ ਉਦੋਂ ਜਦੋਂ ਉਹ ਜੰਗ ਦੇ ਮੈਦਾਨ ਵਿਚ ਜੂਝ ਰਿਹਾ ਹੋਵੇ। ਇਸ ਕਾਲਮ ਨੇ ਜੁਝਾਰੂਆਂ ਬਾਰੇ ਕਈ ਨਜ਼ਮਾਂ ਤੇ ਮਜ਼ਮੂਨ ਲਿਖੇ ਹਨ। ਕਈ ਅਜਿਹੇ, ਜਿਹਨਾਂ ਬਾਰੇ ਇਸ ਕਲਮਕਾਰ ਨੇ ਲਿਖਿਆ ਵੀ ਸੀ, ਥਿੜਕ ਗਏ, ਡਰ ਗਏ, ਹੰਭ ਗਏ, ਰੁਕ ਗਏ। ਜਥੇਦਾਰ ਸਾਹਿਬ ਬਾਰੇ ਲਿਖਣ ਲੱਗਿਆਂ ਮੇਰੀ ਕਲਮ ਕੁਝ ਚਿਰ ਵਾਸਤੇ ਰੁਕੀ ਵੀ, ਪਰ ਫਿਰ ਆਪ ਮੁਹਾਰੇ ਚਲ ਪਈ। ਮੇਰੀ ਆਪਣੀ ਰੂਹ ਵਿਚੋਂ ਆਵਾਜ਼ ਆਈ ਕਿ ਹਰ ਕੌਮ ਵਿਚ ਕੁਝ ਜਰਨੈਲ ਅਜਿਹੇ ਵੀ ਹੁੰਦੇ ਹਨ ਜਿਹੜੇ ਥੰਮ੍ਹਦੇ, ਰੁਕਦੇ, ਡਰਦੇ, ਹੰਭਦੇ, ਥਿੜਕਦੇ, ਘਬਰਾਉਂਦੇ ਨਹੀਂ। ਸਿੱਖ ਤਵਾਰੀਖ਼ ਵਿਚ ਅਜਿਹਾ ਰੋਲ ਬਾਬਾ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਮਹਿਤਾਬ ਸਿੰਘ - ਸੁੱਖਾ ਸਿੰਘ, ਬਾਬਾ ਦੀਪ ਸਿੰਘ, ਬਾਬਾ ਗੁਰਬਖ਼ਸ਼ ਸਿੰਘ, ਭਾਈ ਤਾਰਾ ਸਿੰਘ ਵਾਂ, ਭਾਈ ਸ਼ਾਮ ਸਿੰਘ ਅਟਾਰੀਵਾਲਾ, ਭਾਈ ਮਹਾਰਾਜ ਸਿੰਘ, ਪ੍ਰੋ. ਗੁਰਮੁਖ ਸਿੰਘ, ਭਾਈ ਦਿੱਤ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਮਾਸਟਰ ਤਾਰਾ ਸਿੰਘ, ਗਿਆਨੀ ਹਰਬੰਸ ਸਿੰਘ ਲਹਾਲਾ, ਭਾਈ ਜੇਠਾ ਸਿੰਘ ਨੌਰੰਗਾਬਾਦੀਆ ਨੇ ਅਦਾ ਕੀਤਾ ਸੀ। ਮੌਜੂਦਾ ਜਦੋਜਹਿਦ ਵਿਚ ਵੀ ਭਾਈ ਕੁਲਵੰਤ ਸਿੰਘ ਨਾਗੋਕੇ, ਭਾਈ ਅਨੋਖ ਸਿੰਘ, ਭਾਈ ਕਿਸ਼ਮਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਨਾਰ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਗੁਰਜੰਟ ਸਿੰਘ, ਜਰਨੈਲ ਸੁਬੇਗ ਸਿੰਘ, ਜਥੇਦਾਰ ਤਲਵਿੰਦਰ ਸਿੰਘ ਅਤੇ ਹੋਰ ਕਈ ਜਰਨੈਲ ਅਜਿਹੇ ਸਨ/ਹਨ, ਜੋ ਥਿੜਕਦੇ, ਡਰਦੇ, ਰੁਕਦੇ, ਹੰਭਦੇ, ਥੱਕਦੇ, ਘਬਰਾਉਂਦੇ ਵਾਲੇ ਜਰਨੈਲ ਨਹੀਂ ਹਨ। ਪਰਦੇਸਾਂ ਵਿਚ ਵੀ ਡਾਕਟਰ ਜਗਜੀਤ ਸਿੰਘ ਵਿਚ ਅਜਿਹੀ ਸ਼ਖ਼ਸੀਅਤ ਨਜ਼ਰ ਆਈ ਹੈ। ਇਸ ਲੜੀ ਦੇ ਹੀ ਇਕ ਕੀਮਤੀ ਹੀਰੇ ਭਾਈ ਤਲਵਿੰਦਰ ਸਿੰਘ ਬਾਰੇ ਜੋ ਵੀ ਬਹੁਤ ਜਾਣਕਾਰੀ ਮਿਲ ਸਕੀ ਹੈ, ਉਹ ਹਾਜ਼ਰ ਹੈ।

ਜਥੇਦਾਰ ਤਲਵਿੰਦਰ ਸਿੰਘ ਦਾ ਜਨਮ 26 ਫਰਵਰੀ 1944 ਦੇ ਦਿਨ ਸ. ਜਸਮੇਲ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਪੰਚਟਾ, ਤਹਿਸੀਲ ਫਗਵਾੜਾ ਵਿਚ ਹੋਇਆ। ਆਪ ਨੇ ਦੱਸਵੀਂ ਜਮਾਤ ਪਾਸ ਕਰਨ ਤੋਂ ਪਾਸ ਕੀਤੀ ਅਤੇ ਪਿਤਾ ਪੁਰਖੀ ਕਿੱਤੇ ਖੇਤੀ ਦੀ ਸੇਵਾ ਵਿਚ ਜੁਟ ਪਏ। ਆਪ ਦੀ ਸ਼ਾਦੀ 17 ਮਾਰਚ 1965 ਨੂੰ ਬੀਬੀ ਸੁਰਿੰਦਰ ਕੌਰ ਪੁੱਤਰੀ ਚੰਨਣ ਸਿੰਘ ਨਾਲ ਹੋਈ। ਉਹ 1970 ਵਿਚ ਪਰਿਵਾਰ ਸਣੇ ਕਨੇਡਾ ਵਿਚ ਆ ਗਏ। ਆਪ ਦੇ ਘਰ ਦੋ ਸਪੁੱਤਰ ਅਤੇ ਇਕ ਸਪੁੱਤਰੀ ਨੇ ਜਨਮ ਲਿਆ।

ਭਾਈ ਤਲਵਿੰਦਰ ਸਿੰਘ ਜੀ ਨੇ ਕਨੇਡਾ 'ਚ ਆਉਣ ਤੋਂ ਕੁਝ ਚਿਰ ਮਗਰੋਂ ਹੀ ਅੰਮ੍ਰਿਤ ਛਕ ਲਿਆ ਅਤੇ ਤਿਆਰ ਬਰ ਤਿਆਰ ਸਿੰਘ ਸਜ ਗਏ। ਹਾਲਾਂ ਕਿ ਆਪ ਦੇ ਪਰਿਵਾਰ ਅਤੇ ਜਥੇਦਾਰ ਕੁਲਦੀਪ ਸਿੰਘ ਅਸਲੇਟਾ ਦੇ ਪਰਿਵਾਰਾਂ ਵਿਚ ਬਹੁਤ ਸਾਂਝ ਸੀ ਅਤੇ ਘਰ ਵਿਚ ਗੁਰਸਿੱਖ

# ਸ਼ਹੀਦ ਜਥੇਦਾਰ ਤਰਵਿੰਦਰ ਸਿੰਘ ਢੱਕਰ

[illegible]

ਬਾਕੀ ਅਗਲੇ ਪੰਨੇ ਤੇ ਦੇਖੋ

# ਸ਼ਹੀਦ ਸੂਬੇਦਾਰ ਕੁਲਵਿੰਦਰ ਸਿੰਘ ਢੱਕਰ